FOR IMMEDIATE RELEASE CITY OF SURREY
MEDIA RELEASE

# 'ਸਰੀ ਸਟੈਪਸ ਅੱਪ' ਸਮਾਗਮ ਵਿੱਚ ਸੈਂਕੜੇ ਲੋਕ ਨੌਜਵਾਨਾਂ ਦੀ ਵਿਲੱਖਣ ਕਾਰਗੁਜ਼ਾਰੀ ਦੇ ਸਾਲਾਨਾ ਜਸ਼ਨ ਮਨਾਉਣ ਲਈ ਪਹੁੰਚੇ

*ਤੁਰੰਤ ਰਿਲੀਜ਼ : 17 ਮਾਰਚ, 2025*

**ਸਰੀ, ਬੀ.ਸੀ.** – ਸ਼ੁੱਕਰਵਾਰ, 14 ਮਾਰਚ ਨੂੰ, ਸੈਂਕੜੇ ਲੋਕ ਸਿਟੀ ਹਾਲ ਵਿੱਚ ਇਕੱਠੇ ਹੋਏ ਤਾਂ ਜੋ ਸਾਲਾਨਾ ਸਰੀ ਸਟੈਪਸ ਅੱਪ ਯੂਥ ਸ਼ੋ-ਕੇਸ (Surrey Steps Up Youth Showcase ) ਵਿੱਚ ਉਨਾਂ ਨੌਜਵਾਨਾਂ ਲਈ ਜਸ਼ਨ ਮਨਾਏ ਜਾ ਸਕਣ ਜੋ ਕਮਿਊਨਿਟੀ ਵਿਚ ਬਦਲਾਅ ਲਿਆਉਣ ਲਈ ਕੁੱਝ ਵੱਖਰਾ ਕਰ ਰਹੇ ਹਨ। ਇਸ ਸਮਾਗਮ ਦੌਰਾਨ, ਸਰੀ ਦੇ ਨੌਜਵਾਨਾਂ ਨੇ ਇੰਟਰ-ਐਕਟਿਵ ਡਿਸਪਲੇ ਅਤੇ ਪ੍ਰਸਤੁਤੀਆਂ ਰਾਹੀਂ ਦੱਸਿਆ ਕਿ ਉਹ ਆਪਣੇ ਸਕੂਲਾਂ ਅਤੇ ਕਮਿਊਨਿਟੀਆਂ ਵਿੱਚ ਕਿਵੇਂ ਸਕਾਰਾਤਮਿਕ ਪ੍ਰਭਾਵ ਪੈਦਾ ਕਰ ਰਹੇ ਹਨ। ਇੱਥੇ ਸ਼ਾਮਲ ਹੋਏ ਲੋਕਾਂ ਨੇ ਇੱਕ ਰੋਮਾਂਚਕ ਮਾਹੌਲ ਦਾ ਆਨੰਦ ਮਾਣਿਆ, ਜਿਸ ਵਿੱਚ ਡਾਂਸ ਫਲੋਰ, ਗਤੀਵਿਧੀਆਂ, ਖੇਡਾਂ, ਭੋਜਨ ਅਤੇ ਲਾਈਵ ਪ੍ਰਦਰਸ਼ਨ ਸ਼ਾਮਲ ਸਨ।

ਮੇਅਰ ਬਰੈਂਡਾ ਲੌਕ ਨੇ ਕਿਹਾ,"ਸਰੀ ਸਟੈਪਸ ਅੱਪ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਸਾਡੇ ਨੌਜਵਾਨਾਂ ਵਿੱਚ ਸਾਡੀ ਕਮਿਊਨਿਟੀ ਵਿੱਚ ਬਦਲਾਅ ਲਿਆਉਣ ਦੀ ਬੇਮਿਸਾਲ ਸਮਰੱਥਾ ਹੈ"। "ਇਹ ਨੌਜਵਾਨ ਭਵਿੱਖ ਦੇ ਆਰਕੀਟੈਕਟ ਹਨ, ਜੋ ਅੱਜ ਹੀ ਉਮੀਦ ਅਤੇ ਬਦਲਾਅ ਦੇ ਪੁਲ ਬਣਾ ਰਹੇ ਹਨ। ਜਦ ਉਹ ਅੱਗੇ ਵਧਦੇ ਹਨ, ਉਹ ਨਾ ਕੇਵਲ ਆਪਣੇ ਆਪ ਅਤੇ ਆਪਣੇ ਸਾਥੀਆਂ ਨੂੰ ਪ੍ਰੇਰਿਤ ਕਰਦੇ ਹਨ, ਬਲਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਨਵੀਂ ਉਮੀਦ ਜਗਾਉਂਦੇ ਹਨ।" ਸਿਟੀ ਕੌਂਸਲ ਵੱਲੋਂ, ਮੈਂ ਇਹਨਾਂ ਨੌਜਵਾਨ ਨੇਤਾਵਾਂ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ, ਜੋ ਇੱਕ ਚਮਕਦੇ ਭਵਿੱਖ ਲਈ ਰਾਹ ਪੱਧਰਾ ਕਰਨ ਲੱਗੇ ਹੋਏ ਹਨ।"

ਸਰੀ ਸਟੈਪਸ ਅੱਪ ਦੀ ਮੇਜ਼ਬਾਨੀ ਸਰੀ ਸਿਟੀ, ਬੀ.ਸੀ.ਆਰ.ਸੀ.ਐਮ.ਪੀ., ਸਰੀ ਪੁਲਿਸ ਸਰਵਿਸ, ਸਰੀ ਸਕੂਲ ਡਿਸਟ੍ਰਿਕਟ ਅਤੇ ਯੂਥ ਪਲੈਨਿੰਗ ਟੀਮ ਵੱਲੋਂ ਕੀਤੀ ਜਾਂਦੀ ਹੈ, ਜੋ ਸਰੀ ਦੇ ਨੌਜਵਾਨਾਂ ਨੂੰ ਮੰਚ 'ਤੇ ਆਉਣ ਦਾ ਮੌਕਾ ਪ੍ਰਦਾਨ ਕਰਦੀ ਹੈ।

ਯੂਥ ਸੇਵਾਵਾਂ ਦੇ ਕਾਰਜਕਾਰੀ ਮੈਨੇਜਰ ਐਰੀਏਲ ਪੈਟਰਸਨ ਨੇ ਕਿਹਾ, "ਇਹ ਦੇਖ ਕੇ ਬਹੁਤ ਵਧੀਆ ਲੱਗਾ ਕਿ ਨੌਜਵਾਨ ਇੱਕ ਵਾਰ ਫਿਰ ਸਿਟੀ ਹਾਲ ਵਿੱਚ ਇਕੱਠੇ ਹੋਏ ਅਤੇ ਇਸ ਸਮਾਗਮ ਨੂੰ ਸਫਲ ਬਣਾਇਆ"। "ਸਰੀ ਸਟੈਪਸ ਅੱਪ ਬਹੁਤ

ਮਹੱਤਵਪੂਰਨ ਪ੍ਰੋਗਰਾਮ ਹੈ, ਕਿਉਂਕਿ ਇਹ ਨੌਜਵਾਨਾਂ ਵੱਲੋਂ ਚਲਾਏ ਗਏ ਉਪਰਾਲਿਆਂ, ਸਿਰਜਨਾਤਮਕ ਕਲਾਵਾਂ ਅਤੇ ਕਮਿਊਨਿਟੀ ਸਰਵਿਸ ਪ੍ਰੋਜੈਕਟਾਂ ਨੂੰ ਉਭਾਰਦਾ ਹੈ, ਜੋ ਨੌਜਵਾਨਾਂ ਦੁਆਰਾ ਕੀਤੇ ਜਾ ਰਹੇ ਚੰਗੇ ਕੰਮਾਂ ਨੂੰ ਹੋਰ ਉਤਸ਼ਾਹਿਤ ਕਰਦਾ ਹੈ।

ਸਰੀ ਸਟੈਪਸ ਅੱਪ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ **ਵੈੱਬਸਾਈਟ** 'ਤੇ ਜਾਓ।

-30-

**ਮੀਡੀਆ ਇਨਕੁਆਇਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨਜ ਲੀਡ
ਸਿਟੀ ਆਫ਼ ਸਰੀ
prabhjot.kahlon@surrey.ca
C :236-878-6263